੧ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ

ਖਾਲਸਾ ਅਖਬਾਰ ਲਾਹੌਰ

ਨੰ੦ ੪੩ | ਚੇਤ੍ਰ ਦੀ ੨੨ ਸਨੀਚਰਵਾਰ ਸੰ੦ ਨਾਨਕ ੪੧੭ ਅਪ੍ਰੈਲ ੨ ਸੰ੦ ੮੬ ਈ. ਜਿ੦ ੧

ਖਬਰਾਂ ਦੀ ਬਹਾਰ

ਸ੍ਰੀ ਗੁਰੂ ਸਿੰਘ ਸਭਾ ਰੰਗੂਨ ਦੇ ਸਹਾਇਕ ਵੱਡੇ ਪ੍ਰੇਮ ਨਾਲ ਖਾਲਸਾ ਧਰਮ ਦਾ ਪ੍ਰਚਾਰ ਕਰ ਰਹੇ ਹਨ।

ਸ੍ਰੀ ਗੁਰੂ ਸਿੰਘ ਸਭਾ ਬੁਟਾਰੀ ਅਤੇ ਭਿੰਡਰ ਦੇ ਸਭਾ ਸਦ ਹਰ ਹਫਤੇ ਵਿਚ ਪੰਜ ਸਤ ਸਿਖਾਂ ਨੂੰ ਜਰੂਰ ਅੰਮ੍ਰਿਤ ਛਕਾਕੇ ਸਿੰਘ ਧਰਮ ਵਿਚ ਲੈ ਆਉਂਦੇ ਹਨ -

ਜੋ ਗਡੀ ਰੇਲ ਨੂੰ ਨਹੀਂ ਛਡਦੀ ਉਹ ਅਗਲੇ ਸਟੇਸਨ ਪਰ ਬਿਨਾਂ ਹੀ ਖੇਦ ਤੇ ਪਹੁੰਚ ਜਾਂਦੀ ਹੈ ਪਰ ਜੋ ਰੇਲ ਤੇ ਇਕ ਫੁਟ ਬੀ ਪਾਸੇ ਹੋ ਜਾਵੇ ਸੋ ਚੂਰਾ ੨ ਹੋ ਜਾਂਦੀ ਹੈ ਅਤੇ ਹਜਾਰਾਂ ਜਾਨਾਂ ਦਾ ਨੁਕਸਾਨ ਹੁੰਦਾ ਹੈ - ਇਸੀ ਪ੍ਰਕਾਰ ਜੋ ਕੌਮ ਅਪਣੇ ਧਰਮ ਪੁਸਤਕ ਦੇ ਕਥਨ ਪਰ ਚਲਦੀ ਹੈ ਸੋ ਮੁਕਤੁ ਭੁਕਤ ਰੂਪੀ ਸ੍ਟੇਸਨ ਨੂੰ ਸਹਿਜੇ ਹੀ ਪ੍ਰਾਪਤ ਹੁੰਦੀ ਹੈ ਅਤੇ ਜੋ ਉਸ ਨੂੰ ਛਡਕੇ ਅਨਮਤਾਂ ਵੱਲ ਪੈ ਜਾਂਦੀ ਹੈ ਉਹ ਨਾਸ ਹੋ ਜਾਂਦੀ ਹੈ -

ਖਾਲਸਾ ਕੌਮ ਨੂੰ ਬੀ ਚਾਹੀਦਾ ਹੈ ਜੋ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਸਤ੍ਯ ਉਪਦੇਸਾਂ ਪਰ ਧਿਆਨ ਦੇਵੇ -

ਇਟਲੀ ਵਿਚ ਇਕ ਭੁਚਾਲ ਆਇਆ ਹੈ ਜਿਸ ਨੂੰ ਸੁਣਕੇ ਕਲੇਜਾ ਕੰਬ ਉਠਦਾ ਹੈ ਜਿਸ ਵਿਚ ਘਰ ਇਸ ਪ੍ਰਕਾਰ ਹਿਲਦੇ ਸੇ ਜਿਸ ਪ੍ਰਕਾਰ ਦਰਖਤ ਅੰਧੀਰ ਦੇ ਹੁੰਦੇ ਹਨ ਲੋਕ ਘਰਾਂ ਤੇ ਨਿਕਲਕੇ ਨੰਗ ਧੜੰਗੇ ਰਾਤ ਦੇ ਸਮੇਂ ਪਰ ਸੜਕਾਂ ਪਰ ਫਿਰਦੇ ਸਨ ਚੋਰੇ ਪਾ ਲਿਆਂ ਤੇ ਰੋਟੇ ਕੁਰਲਾਉਂਦੇ ਦੇ ਸਬਦ ਆਉਂਦੇ ਸੇ ਬਹੁਤ ਸਾਰੇ ਲੋਕ ਇਕ ਗਿਰਜੇ ਦੇ ਆਸਰੇ ਜਾ ਖੜੇ ਹੋਏ ਪਰ ਉਹ ਗਿਰਜਾ ਬੀ ਗਿਰ ਪਿਆ ਜਿਸ ਹੇਠ ਆਕੇ ਤਿਨ ਸੌ ਆਦਮੀ ਮਰ ਗਿਆ ਮੁਲਕ ਬਰਬਾਦ ਅਤੇ ਦੋ ਹਜਾਰ ਤਕ ਆਦਮੀ ਮਰ ਗਿਆ -

ਹਿੰਦੁਸਤਾਨ ਦੇ ਜੇਹਲਖਾਨਿਆਂ ਵਿਚ ਪਸੰਤਰ ਹਜਾਰ ਕੈਦੀ ਸੇ ਜਿਨ੍ਹਾਂ ਵਿਚੋਂ ਜੁਬਲੀ ਦੇ ਦਿਨਾਂ ਵਿਚ ਇਕੀ ਹਜਾਰ ਛੁਟ ਗਏ -

ਜੋ ਕੈਦੀ ਜੁਬਲੀ ਨੂੰ ਛੁੱਟੇ ਸੇ ਕਿਤਨੇ ਹੀ ਉਨ੍ਹਾਂ ਵਿਚੋਂ ਉਸੇ ਦਿਨ ਚੋਰੀਕ ਸੇ ਕਰਕੇ ਫੇਰ ਪਕੜੇ ਗਏ ਅਤੇ ਬਹੁਤ ਲੋਗ ਦਾਣਿਆਂ ਦੇ ਮਾਰੇ ਗੇ ਹੋਣੇ ਕਰਕੇ ਪਛਤਾਉਂਦੇ ਹਨ ਕਿ ਅਸੀਂ ਕਿਉਂ ਛੁਟ ਗਏ ਜੇਹਲਖਾਨੇ ਵਿਚ ਰਹਿੰਦੇ ਤਾਂ ਅੱਛਾ ਸੀ -

ਮੈਸੋਂ ਨਗ੍ਰ ਦੇ ਨਵਾਬ ਦਾ ਪੁਤ੍ਰ ਮਦਕ ਦੇ ਪੀਣੇ ਕਰਕੇ ਮਰ ਗਿਆ

ਸੁਣਦੇ ਹਾਂ ਕਿ ਇਸ ਦੇ ਖਿਲਾਫ [illegible] ਹੋ ਗਿਆ ਸੀ ਜਿਸ ਤੇ ਕਿਸੇ ਐਖਦੀ ਨੇ ਲਕੜਾਂ ਪਹੁੰਚਾਇਆ -

ਸੁਣਦੇ ਹਾਂ ਕਿ ਰੂਸ ਨੇ ਸਰਹਦ ਪਰ ਆਪਣੀ ਫੌਜ ਜਮਾ ਕਰ ਦਿਤੀ ਹੈ ਅਤੇ ਉਸ ਨੂੰ ਗੋਲਾ ਬਾਰੂਦ ਬੀ ਪਹੁੰਚਾ ਦਿੱਤਾ ਹੈ

ਗਵਰਨਮੈਂਟ ਹਿੰਦ ਨੇ ਬਿਸ੍ਵਾਸ ਕਰ ਲੀਤਾ ਹੈ ਕਿ ਰੂਸ ਕਸਮੀਰ ਦੇ ਰਸਤੇ ਨਹੀਂ ਆ ਸਕਦਾ ਕਿਉਂ ਕਿ ਇਸ ਪਾਸੇ ਦਾ ਰਸਤਾ ਬਹੁਤ ਤੰਗ ਹੈ -

ਵੱਡੇ ਲਾਟ ਸਾਹਿਬ ੫ ਅਪ੍ਰੈਲ ਨੂੰ ਦੇਹਰਾ ਦੂਨ ਦੀ ਸੈਰ ਕਰਨਗੇ

ਸੁਣਦੇ ਹਾਂ ਕਿ ਲਾਹੌਰ ਵਿਚ ਦੁਪਹਿਰ ਦੀ ਤੋਪ ਚਲਣੀ ਬੰਦ ਹੋ ਗਈ ਹੈ -

ਅਮੀਰ ਕਾਬਲ ਨੇ ਸੁਣਦੇ ਹਾਂ ਕਿ ਦੋ ਹਾਥੀਆਂ ਨੂੰ ਦੇਸ ਨਿਕਾਲਾ ਦੇ ਦਿਤਾ ਹੈ ਉਹ ਬਿਚਾਰੇ ਪਸੌਰ

ਵਿਚ ਹ
ਬ੍ਰਹਮਾ ਵਿਚ ਕੁਚਾਲ ਅਤੇ ਅੰਗ
ਰੇਜਾਂ ਦੀਆਂ ਲੁਟੇਰਿਆਂ ਨੇ ਮੁਲਕ
ਬਰਬਾਦ ਕਿਤਾ ਹੈ -
ਅੱਜ ਕਲ ਹਿੰਦੁਸਤਾਨ ਵਿਚ
ਪਚਵੰਜਾ ਸੜੀਆਂ ਸੁਦਾਗਰੀ
ਦਾ ਕੰਮ ਕਰਦੀਆਂ ਹਨ -
ਸ਼ਿਮਲੇ ਵਿਚ ਇਕ ਮੁਸਾਫੀ ਮੁ
ਨਸ਼ੀ ਨੇ ਪੂਰੇ ਦਸ ਬਰਸ ਦੇ
ਲੜਕੇ ਦਾ ਬਾਜ਼ੂ ਵਿਲੀਸ਼ ਪਾਰ
ਖਾ ਕਰਕੇ ਮਾਰ ਕਰਕੇ ਤੋੜ
ਦਿਤਾ ਜੋ ਆਜਾ ਹੁਣ ਉਹ ਲੜ
ਕਾ ਹਸਪਤਾਲ ਵਿਚ ਪਿਆ
ਹੋਇਆ ਹੈ -
ਇਸ ਵਕਤ ਤੀਹ ਆਦਮੀ ਹਿੰ
ਦੁਸਤਾਨੀ ਲੰਡਨ ਵਿਚ ਵਿਦਯਾ
ਪੜ੍ਹਦੇ ਹਨ -
ਸਖਰ ਵਿਚ ਦੋ ਗੋਰਿਆਂ ਨੇ ਦਾ
ਈਆਂ ਨੂੰ ਲੁਟ ਲਿਆ ਜਿਸ ਪਿਛੇ
ਉਨਾਂ ਨੂੰ ਦੋਹਾਂ ਮਹੀਨਿਆਂ ਦੀ
ਕੈਦ ਹੋਈ -
[illegible]
ਨਾਥ ਦੇ ਮੰਦਰ ਵਿਚ ਪੋਤੀ ਦੇ ਦੀ
ਦੇ ਛਾਪੇ ਜਾਣੇ ਇਕ ਜਨਾਨੀ ਦੀ
ਦੀਆਂ ਵਿਚ ਧੀ ਲਿਖਿਆ ਹੋਇ
ਆ ਸੀ ਮਲਕਾਂ ਦਾ ਮੋਖਾ
ਜੀਦੇ -
ਜਗਨਨਾਥ ਦੇ ਰਾਜਾ ਨੂੰ ਰਾ
ਈ ਦੇ ਵਾਸਤੇ ਜੋ ਉਦੇਰੀ ਗਈ
ਸਤੇ ਨੇ ਗਵਰਨਮਿੰਟ ਪਾਸ ਅ
ਪੀਲ ਕੀਤੀ ਸੀ ਸੋ ਨਾਂ ਮੰਨੀ
ਜ਼ੂਰ ਹੋਈ -
ਲੁਧਿਆਣਾ ਵਿਚ ਦੋ ਗੋਰੇ ਸ਼ਿ
ਕਾਰ ਖੇਲਦੇ ਸੇ ਜਿਨਾਂ ਨੇ ਇਕ
ਕਬੂਤਰ ਮਾਰਿਆ ਅਰ ਉਹ ਕਬੂ
ਤਰ ਕਿਸਾਨਾਂ ਦੇ ਖੇਤ ਵਿਚ ਜਾ
ਡਿਗਿਆ ਤਦ ਦੋਨੋਂ ਖੇਤ ਵਿਚ
ਜਾ ਵੜੇ ਜਦ ਖੇਤ ਦੇ ਮਾਲਿਕ ਨੇ
ਪੁਕਾਰ ਕੀਤੀ ਤਦ ਇਕ ਨੇ ਗੋਲੀ
ਮਾਰ ਕਰਕੇ ਖੇਤ ਵਾਲੇ ਨੂੰ ਮਾਰ ਸੁਟਿ
ਆ ਜਿਸ ਪਰ ਮਾਰਨ ਵਾਲੇ ਨੂੰ
ਕੇਵਲ ਦੋ ਬਰਸ ਦੀ ਕੈਦ ਹੋਈ
ਹੈ ਸਤ ਦਿਨ ਹੋਏ ਹਨ ਜਾਮਨ
ਨਗਰ ਜੋ ਮਾਲ੍ਹੇ ਵਿਚ ਹੈ ਉਥੋਂ
ਦੇ ਜੱਟਾਂ ਨੇ ਮਾਘੀ ਦੇ ਮੇਲੇ ਪਰ
ਇਕ ਲਖੋਕਿਆ ਨਾਮੇ ਪਿੰਡ ਦਾ
ਚੌਕੀਦਾਰ ਮਾਰ ਗਿਰਿਆ ਇਸ
ਦਾ ਹਾਲ ਐਉਂ ਆਖਦੇ ਹਨ ਕਿ
ਜੱਟ ਮੇਲੇ ਪਰ ਸ਼ਰਾਬ ਪੀਂਦੇ ਸੇ
ਏਹ ਵਿਚਾਰਾ ਆਖਨ ਲਗਾ ਕਿ ਏ
ਹੋ ਅਜੇਹੇ ਸਾਮੇਲ ਵਿਚ ਭੀ ਏਹ
ਲੋਕ ਸ਼ਰਾਬ ਪੀਣ ਤੋਂ ਨਹੀਂ ਹਟਦੇ
ਜੱਟਾਂ ਆਖਿਆ ਕਿ ਇਸਨੂੰ ਪਕੜ
ਲਵੋ ਇਹ ਸਾਨੂੰ ਸਾਮ੍ਹਣੇ ਬੋਲਦਾ
ਹੈ ਬੱਸ ਇਕ ਦੋ ਸੋਟਿਆਂ ਨਾਲ
ਹੀ ਉਸ ਬਿਚਾਰੇ ਦਾ ਕੰਮ ਕਰ
ਦਿਤਾ -
ਲਾਹੌਰ ਮੋਤੀ ਬਜਾਰ ਵਿਚ
ਲਾਲਾ ਜੀਪ ਦੇ ਤੋਸ਼ੇਖਾਨੇ ਦੇ
ਕਮਰਾਂ ਨੂੰ ਅੱਗ ਲਗੀ ਜਿਸ
ਵਿਚ ਬਹੁਤ ਨੁਕਸਾਨ ਹੋ
ਇਆ
ਕਾਬਲ ਦਾ ਨਾਮੇ ਨਗਰ ਦੇ ਨਵਾ
ਦੇ ਘਰ ਜਦ ਸ਼ਹਿਰ ਦੇ ਰਾਜ ਦੇ ਦਸਬਾ
ਰੀ ਚੋਰ ਜਾ ਵੜੇ ਜਿਨਾਂ ਨੇ ਨਵਾਬ ਦੀ
ਛਾਤੀ ਪਰ ਬੰਦੂਕ ਰੱਖ ਕਰਕੇ ਉਸ
ਦੀ ਇਸਤ੍ਰੀ ਦਾ ਸਾਰਾ ਗਹਿਣਾ ਉ
ਤਾਰ ਲੀਤਾ ਅਤੇ ਹੋਰ ਜੋ ਕੁਝ ਦੱਬਿ
ਆ ਦਬਾਇਆ ਸੀ ਸਭ ਪੱਟ ਕੇ
ਲੈ ਗਏ ਜਿਸ ਦਾ ਅਜ ਤਕ ਕੋਈ
ਪਤਾ ਨਹੀਂ ਲਗਿਆ -
ਬ੍ਰਹਮਾ ਦੇ ਵਾਸਤੇ ਲੈ ਜਾਣੇ ਨੂੰ
ਰੰਗਰੂਟ ਭਰਤੀ ਕੀਤੀ ਜਾਂਦੀ
ਹੈ -

ਸਰਕਾਰੀ ਖਬਰਾਂ

ਰਾਇ ਬਹਾਦਰ ਸਰਦਾਰ ਗੁਰਦਿ
ਆਲ ਸਿੰਘ ਸਾਹਿਬ ਅਸਿਸ
ਟੈਂਟ ਕਮਿਸ਼ਨਰ ਪੇਸ਼ਾਵਰ ਤਾਰੀਖ
ਨੂੰ ਕੈਸੇ ਇਜੋਗੇ ਤਾਰੀਖ ਤੇ ਤਿੰਨ
ਮਹੀਨੇ ਦੀ ਛੁੱਟੀ ਮਿਲੀ ਹੈ ਜਦ
ਇਹ ਦੇ ਐਚ ਨੂੰ ਕਰਦਾ ਸਾਹਿ
ਬ ਬਹਾਦਰ ਉਨਾ ਨੂੰ ਕੰਮ ਤੇ ਦੇਖੇ
ਕਰਨਗੇ -
ਖਾਂ ਬਹਾਦਰ ਹੁਸੈਨ ਬਖਸ਼ ਐਕ
ਸਟਰਾ ਅਸਿਸਟੈਂਟ ਕਮਿਸ਼ਨਰ ਨੂੰ
ਕਿਸੇ ਇਜੋਗੀ ਤਾਰੀਖ ਤੇ ਦੋ ਮਹੀਨੇ
ਦੀ ਛੁਟੀ ਮਿਲੀ ਹੈ ਜਦ ਖਾਂ ਬਹਾਦਰ
ਕਾਜ਼ੀ ਮਹਿਮਦ ਅਲਮ ਸਾਹਿਬ
ਜੀ ਐਮ ਜੀ ਅਸਿਸਟੈਂਟ ਕਮਿ
ਸ਼ਨਰ ਉਨਾਂ ਨੂੰ ਕੰਮ ਤੇ ਦੇਖੇ ਕਰਨ
ਗੇ ਕਾਜ਼ੀ ਮਹਿਮਦ ਅਲਮ ਸਾਹਿ
ਬ ਆਪਣੀ ਛੁਟੀ ਦੇ ਪੂਰਾ ਹੋਣ ਪ
੧੦ ਅਪ੍ਰੈਲ ਨੂੰ ਪਾਕਟਰ ਜਾਣਗੇ -

ਮੂਰਤੀ ਪੂਜਨ

ਖਾਲਸਾ ਅਖਬਾਰ ਦੇ ਪ੍ਰੇਮੀਆਂ ਨੂੰ ਇਸ ਵਿਸ਼ਾ ਦਾ ਅੱਛੀ ਤਰਾਂ ਗਿਆਨ ਹੈ ਕਿ ਖਾਲਸਾ ਅਖਬਾਰ ਦੇਸੋਨਤੀ ਦੇ ਵਿਰੋਧੀ ਕਰਤਾਂ ਨਾਲ ਹਮੇਸ਼ਾਂ ਵਿਰੋਧ ਕਰਦਾ ਹੈ ਅਤੇ ਅੱਗੇ ਨੂੰ ਕਰੇਗਾ ਮੂਰਤੀ ਪੂਜਾ ਭੀ ਦੇਸੋਨਤੀ ਦਾ ਇਕ ਵੱਡਾ ਭਾਰੀ ਵਿਰੋਧੀ ਅਤੇ ਹਾਨੀਕਾਰਕ ਹੈ ਇਸ ਲਈ ਉਸਦੇ ਬਾਰੇ ਵਿਚ ਭੀ ਕੁਛ ਨਿਰਣਯ ਕਰਨਾ ਬੁਰਾ ਨਹੀਂ ਸਮਝਦਾ ਆਸ਼ਾ ਹੈ ਜੋ ਖਾਲਸਾ ਧਰਮ ਦੇ ਪਿਆਰੇ ਇਸ ਦੀ ਪ੍ਰਾਰਥਨਾ ਨੂੰ ਚਿਤ ਦੇਕੇ ਸ੍ਰਵਣ ਕਰਨਗੇ

ਇਕ ਮਹਾਤਮਾਂ ਦਾ ਕਥਨ ਹੈ ਕਿ ਜਿਸ ਦੇਸ ਦੀ ਹਾਨੀ ਹੁੰਦੀ ਹੈ ਉਸ ਵਿਚ ਪਹਿਲਾ ਵਿਦਯਾ ਹੀਨ ਹੋਣਾ ਦੂਸਰਾ ਵਿਦ੍ਯਾ ਲੋਪ ਅਤੇ ਤੀਸਰਾ ਮੂਰਤੀ ਪੂਜਾ ਦਾ ਪਰਚਾਰ ਹੋਣਾ ਇਨਾਂ ਵਿਚੋਂ ਪਹਿਲੀਆਂ ਦੋ ਬਾਤਾਂ ਨੂੰ ਛੱਡ ਕਰਕੇ ਤੀਸਰੀ ਦਾ ਕਥਨ ਕਰਦੇ ਹਾਂ ਮੂਰਤੀ ਪੂਜਨ ਹਿੰਦੁਸਤਾਨ ਵਿਚ ਦੋ ਪ੍ਰਕਾਰ ਦਾ ਹੈ ਇਕ ਜੜ ਅਤੇ ਦੂਜਾ ਚੇਤਨ ਪਦਾਰਥਾਂ ਦਾ ਜਿਸ ਵਿਚ ਜੜ ਤਾਂ ਏਹ ਲਓ ਬ੍ਰਿਖ ਦਰੀਆ ਅਤੇ ਪਥਰ ਆਦਿ ਕਹੀਦੇ ਜਾਂਦੇ ਹਨ ਅਤੇ ਚੇਤਨ ਜੋ (ਮਰਦਮ ਪਰਸਤੀ) ਅਰਥਾਤ ਆਦਮੀਆਂ ਦਾ ਪੂਜਨਾ ਹੈ ਸੋ ਹੁਣ ਅਸੀਂ ਇਨਾਂ ਦੋਨਾਂ ਵਿਚੋਂ ਦੇਖਣਾ ਚਾਹੁੰਦੇ ਹਾਂ ਕਿ ਲੋਕਾਂ ਨੂੰ ਨੁਕਸਾਨ ਦੇਣੇ ਵਾਲਾ ਕੌਨ ਹੈ ਅਤੇ ਜਿਸਦੇ ਹਥੋਂ ਨਿਕਲਕੇ ਲੋਕ ਸੁਖ ਪਾਉਣ ਅਤੇ ਦੇਸੋਨਤੀ ਯਾ ਧਰਮੋਨਤੀ ਵਲ ਧਿਆਨ ਦੇਣ

ਪਥਰ ਅਤੇ ਲਕੜੀ ਦੀਆਂ ਮੂਰਤਾਂ ਜੋ ਮੰਦਰਾਂ ਵਿਚ ਪਈਆਂ ਹਨ ਉਨ੍ਹਾਂ ਤੇ ਕਿਸੇ ਆਦਮੀ ਨੂੰ ਦੁੱਖ ਨਹੀਂ ਪਹੁੰਚਦਾ ਅਤੇ ਨਾਂ ਉਹ ਵਿਚਾਰੀਆਂ ਕੁਛ ਤੁਰਕੇ ਕਿਤੇ ਜਾ ਹੀ ਸਕਦੀਆਂ ਹਨ ਅਤੇ ਨਾਂ ਉਹ ਕਿਸੇ ਨੂੰ ਬੁਰਾ ਭਲਾ ਹੀ ਆਖਦੀਆਂ ਹਨ ਜੇ ਕੋਈ ਉਨਾਂ ਨੂੰ ਤੋੜ ਤਾੜ ਕਰੇ ਤਾਂ ਖੁਸ਼ ਨਹੀਂ ਹੁੰਦੀਆਂ ਅਤੇ ਜੇ ਕੋਈ ਉਨਾਂ ਪਰ ਮਿਠਿਆਈ ਚੜਾਵੇ ਤਾਂ ਭੀ ਨਹੀਂ ਮੰਨਦੀਆਂ ਆਪ ਚੁੱਪ ਚੁਪਾਤੀਆਂ ਬੈਠ ਰਹਿੰਦੀਆਂ ਹਨ ਨਾ ਖਾਂਦੀਆਂ ਹਨ ਨਾਂ ਪੀਂਦੀਆਂ ਹਨ ਨਾ ਬਸਤ੍ਰ ਦੀ ਲੋੜ ਰਖਦੀਆਂ ਹਨ ਸਗੋਂ ਆਪਣੇ ਰਖੇ ਆਦਮੀਆਂ ਨੂੰ ਕਈ ਤਰਾਂ ਦੇ ਭੋਜਨਾਂ ਦਾ ਉਨਾਂ ਨੂੰ ਭੋਗ ਲਗਾਉਂਦਾ ਹੈ ਤਦ ਉਹ ਭੋਜਨ ਉਨੋਂ ਉਹ ਇਕ ਰਤੀ ਭੁਰਕੀ ਨਹੀਂ ਖਾਂਦੀਆਂ ਉਹ ਛਤੀ ਪ੍ਰਕਾਰ ਦੇ ਭੋਜਨਾਂ ਨਾਲ ਭਰੇ ਹੋਏ ਥਾਲ ਨੂੰ ਉਨਾਂ ਦਾ ਰਾਖਾ ਖਾ ਜਾਂਦਾ ਹੈ ਅਤੇ ਉਨਾਂ ਨੂੰ ਇਹ ਭੀ ਖਿਆਲ ਨਹੀਂ ਹੁੰਦਾ ਕਿ ਸਾਡੇ ਚੇਲੇ ਦਾ ਸਿਖ ਸੰਗਤ ਬਹੁਤ ਹੋ ਜਾਵੇ ਯਾ ਇਹ ਆਦਮੀ ਸਾਨੂੰ ਮੱਥਾ ਨਹੀਂ ਟੇਕਦਾ ਇਸ ਨੂੰ ਦੁਸ਼ਟ ਪਾਪੀ ਯਾ ਨਿੰਦਕ ਆਖਯਾ ਜਾਵੇ ਗਲ ਕਾਹਦੀ ਇਨਾਂ ਜੜ ਮੂਰਤੀਆਂ ਤੇ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੈ ਕੇਵਲ ਨੁਕਸਾਨ ਹੈ ਤਾਂ ਏਹੋ ਹੈ ਜੋ ਇਹ ਕਰਮ ਅਕਾਲ ਪੁਰਖ ਦੀ ਇੱਛਾ ਦੇ ਵਿਰੁੱਧ ਹੈ ਇਸੇ ਲਈ ਖਾਲਸਾ ਧਰਮ ਦੇ ਵਿਰੁੱਧ ਹੋਣੇ ਕਰਕੇ ਗੁਰੂ ਸਾਹਿਬ ਜੀ ਨੇ ਇਸਦਾ ਖੰਡਨ ਕੀਤਾ ਹੈ

ਪ੍ਰੰਤੂ ਹਿੰਦੁਸਤਾਨ ਵਿਚ ਜੋ ਅਜਕਲ ਆਦਮੀਆਂ ਦੀ ਪੂਜਾ ਵਧ ਗਈ ਹੈ ਇਸ ਨੇ ਇਸ ਮੁਲਖ ਦਾ ਸਤਿਆਨਾਸ ਕਰ ਦਿਤਾ ਹੈ ਅਤੇ ਜੋ ਲਿਖੇ ਪੜ੍ਹੇ ਹੋਏ ਮਹਾਤਮਾਂ ਇਸਦਾ ਬਿਰੋਧ ਨਹੀਂ ਕਰਨਗੇ ਅਤੇ ਕੌਮ ਨੂੰ ਇਨਾਂ ਦੇ ਪੰਜੇ ਵਿਚੋਂ ਨਹੀਂ ਛੁਡਾਉਣਗੇ ਤਦ ਯਾਦ ਰਖੋ ਕਿ ਆਵਣ ਵਾਲੀ ਨਸਲ ਨੂੰ ਇਕ ਵਡਾ ਭਾਰੀ ਤਪ ਦਿਕ ਦਾ ਰੋਗ ਲਗ ਜਾਣਗੇ ਕਿਉਂਕਿ ਇਨਾਂ ਚੇਤਨ ਮੂਰਤਾਂ ਨੂੰ ਹਰ ਵਕਤ ਏਹੋ ਇਛਾ ਰਹਿੰਦੀ ਹੈ ਕਿਸੇ ਤਰਾਂ ਸਾਡੀ ਸਿੱਖੀ ਯਾ ਚੇਲਿਆਂ ਦੀ ਜਮੈਤ ਵਧ ਜਾਵੇ ਅਤੇ ਅਸੀਂ ਦੁਨੀਆਂ ਵਿਚ ਸਭ ਤੋ ਵਡੇ ਗੁਰੂ ਸਦਾਈਏ ਕੌਮ ਦੇ ਆਦਮੀ ਭੇਡਾਂ ਵਾਂਗ ਬੇਸਮਝ ਅਤੇ ਅਗਿਆਨੀ ਹੋਕੇ ਇਸ ਸੰਸਾਰ ਦੇ ਖੇਤਾਂ ਵਿਚ ਵਿਚਰਦੇ ਫਿਰਨ ਅਤੇ ਅਸੀਂ ਗਡਰੀਏ ਹੋਕੇ ਹੁਕਮ ਦੇ ਡੰਡੇ ਨਾਲ ਸਾਰਿਆਂ ਨੂੰ ਆਪਣੇ ਕਾਬੂ ਵਿਚ ਰਖੀਏ ਲੋਕ ਆਕੇ ਸਾਡੇ ਚਰਨਾਂ ਪਰ ਸਿਰ ਰੱਖਕੇ ਮੱਥੇ ਟੇਕਣ ਅਤੇ ਅਸੀਂ ਉਨਾਂ ਦੀ ਪਿਠ ਪਰ ਥਾਪੀਆਂ ਦੇਕੇ ਆਖੀਏ ਵਾਹ ਸਿਖਾ ਧੰਨ ਭਾਗ ਤੂੰ ਵਡਾ ਸਰਧਾਲੂ ਸਿਖ ਹੈਂ ਤੇਰੇ ਬਾਪ ਨੇ ਦੋ ਹਜਾਰ ਰੁਪਏ ਦੀ ਭੇਟਾ ਕੀਤੀ ਸੀ ਤੂੰ ਭੀ ਕੁਛ ਉਸ ਤੋਂ ਘਟ ਨਹੀਂ ਹੈਂ ਤੁਸੀ

ਸਾਣੀ ਕੀਤੀ ਹੈ· ਇਸ ਤੋਂ ਤੇਰੇ ਲੜਕੇ ਨੇ ਧਰਮ ਪ੍ਰਾਲ ਲਈ ਹੈ ਕਿ ਨਹੀਂ ਜੇਕਰ ਨਹੀਂ ਲਈ ਤਾਂ ਹੁਣ ਸਮਝ ਹੈ· ਤਦ ਇਹ ਬਿਚਾਰਾ ਭੋਲਾ ਭਾਲਾ ਆਦਮੀ ਹਥ ਜੋੜਕੇ ਪ੍ਰਾਰਥਨਾ ਕਰਦਾ ਹੈ ਮਹਾਰਾਜ ਸਾਨੂੰ ਤਾਂ ਆਪ ਦਾ ਹੀ ਆਸਰਾ ਹੈ ਅਤੇ ਸਾਡਾ ਤਨ ਮਨ ਧਨ ਆਪਦਾ ਹੈ ਉਸੀ ਸਮੇਂ ਪਰਨ ਦੇਕੇ ਬਿਚਾਰੇ ਦੇ ਪੁੱਤ੍ਰ ਨੂੰ ਪਲਦੇ ਜਾਂਦੇ ਹਨ ਅਤੇ ਆਖਿਆ ਜਾਂਦਾ ਹੈ ਕਿ ਇਹ ਬਾਲਕ ਅੱਜ ਤੋਂ ਸਾਡਾ ਸੇਵਕ ਹੋਇਆ ਜਿਸ ਦਾ ਫਲ ਇਹ ਹੁੰਦਾ ਹੈ ਕਿ ਜਿਸ ਪ੍ਰਕਾਰ ਸਰਕਾਰੀ ਢੋਲ ਯਾ ਹਲ ਜਮੀਨ ਵਾਹੁਣ ਵਾਲੇ ਨੂੰ ਭਰਨਾ ਪੈਂਦਾ ਹੈ ਇਸ ਪ੍ਰਕਾਰ ਹੀ ਮਹੀਨਿਆਂ ਪਿਛੋਂ ਭੇਟਾ ਉਸ ਚਰਨ ਪਾਹੁਲ ਪੀਣ ਵਾਲੇ ਨੂੰ ਭਰਨੀ ਪੈਂਦੀ ਹੈ ਜੇ ਇਕ ਛਮਾਹੀ ਪਿਛਲੀ ਰਹੀ ਬਾਕੀ ਕਰਕੇ ਭੇਟਾ ਨਾਂ ਦੇਵੇ ਤਦ ਉਸ ਬਿਚਾਰੇ ਪਰ ਹਜ਼ਾਰਾਂ ਤੁਹਮਤਾਂ ਦੇ ਦੋਸ ਰੱਖੇ ਜਾਂਦੇ ਹਨ ਕਿ ਇਹ ਨਿਗੁਰਾ ਯਾ ਹੋਗਿਆ ਪਾਪੀ ਹਤਿਆਰੇ ਨੇ ਸਾਥੋਂ ਮੁਖ ਮੋੜ ਲੀਤਾ· ਕਲਜੁਗ ਆ ਗਿਆ· ਨਰਕ ਨੂੰ ਜਾਣੇ ਦਾ ਅਧਿਕਾਰੀ ਹੋ ਗਿਆ — ਏਹੋ ਜੇਹੇ ਹਜ਼ਾਰਾਂ ਝੂਠ ਬਚਨ ਉਸ ਦੇ ਵਾਸਤੇ ਘੜੇ ਜਾਂਦੇ ਹਨ· ਅਰ ਸਿਖ ਭਾਵੇਂ ਘਰ ਦੇ ਕਪੜੇ ਵੇਚ ਕੇ ਬੀ ਭੇਟਾ ਭੇਜਨ ਖੁਸ਼ ਹੋ ਕੇ ਤਦ ਆਪਣਾ ਪੇਟ ਭਰ ਲੈਣਾ ਹੀ ਅੱਛਾ ਸਮਝਦੇ ਹਨ· ਸਿਖ ਦਾ ਟੱਬਰ ਭਾਵੇਂ ਭੁੱਖਾ ਹੀ ਕਿਉਂ ਨਾ ਮਰੇ ਅਤੇ ਉਸ ਨੂੰ ਉਪਦੇਸ ਕਰਦੇ ਹਨ ਕਿ ਜੋ ਸਾਨੂੰ ਆਨੰਦ ਰੱਖੇ ਗਾ ਉਸ ਨੂੰ ਸ੍ਵਰਗ ਵਿਚ ਅਨੰਤ ਸੁਖ ਮਿਲੇ ਗਾ· ਅਤੇ ਸਿਖ ਦੇ ਜਿਤ੍ਰੇ ਇਹ ਚੰਗੀ ਤ੍ਰਗਹਿ ਨਿਸਚਾ ਕਰਾ ਦਿੰਦੇ ਹਨ ਕਿ ਸ੍ਵਰਗ ਦੇ ਦਰਵਾਜ਼ੇ ਦੀਆਂ ਕੁੰਜੀਆਂ ਸਾਡੀ ਹੀ ਜੇਬਾਂ ਵਿਚ ਹਨ ਅਰੁ ਅਕਾਲ ਪੁਰਖ ਨੇ ਇਹੋ ਕੰਮ ਸਾਡੇ ਹੀ ਹੱਥਾਂ ਵਿਚ ਸੌਂਪਿਆ ਹੋਇਆ ਹੈ· ਜੇ ਤੈਂ ਸ੍ਵਰਗ ਦਾ ਸੁਖ ਦੇਖਣਾ ਹੈ ਤਾਂ ਸਾਨੂੰ ਨਿਹਾਲ ਕਰ· ਜਿਸ ਪ੍ਰਕਾਰ ਸਾਹੂਕਾਰ ਦੇ ਸ਼ੇਖੀ ਬੰਨ ਕਰਕੇ ਇੰਛਾਂ ਨੂੰ ਸ਼ਾਹੂਕਾਰ ਜਾਣ ਪੈਂਦਾ ਹੈ ਇਸੀ ਪ੍ਰਕਾਰ ਛੇਆਂ ਮਹੀਨਿਆਂ ਪਿਛੋਂ ਸੰਗਤ ਪ੍ਰਸ਼ਨ ਤਿਆਰੀ ਕਰਕੇ ਸਾਡੇ ਲੋਕਾਂ ਦੀ ਉਗਰਾਹੀ ਹੋਣ ਲਗ ਜਾਂਦੀ ਹੈ ਸਿਖ ਬਿਚਾਰੇ ਨੂੰ ਇਤਨਾ ਬੋਧ ਬੀ ਨਹੀਂ ਹੈ ਕਿ ਮੈਂ ਕਿਥੋਂ ਆਇਆ ਹਾਂ ਤੇ ਕਿਆ ਵਸਤੂ ਹਾਂ ਅਤੇ ਮਰਕੇ ਕਿਥੇ ਜਾਂਵਾਂ ਗਾ ਮੇਰਾ ਅਤੇ ਪ੍ਰਮਾਤਮਾ ਦਾ ਕਿਆ ਸਬੰਧ ਹੈ ਬਸ ਆਖਣ ਮਾਤ੍ਰ ਨੂੰ ਗੁਰੂ ਧਾਰ ਬੈਠਦਾ ਹੈ ਨਹੀਂ ਗੁਰੂ ਲਛਮਣ ਦਾ ਕੁਝ ਬੀ ਗਿਆਨ ਨਹੀਂ ਹੁੰਦਾ· ਇਸੇ ਪ੍ਰਕਾਰ ਦੇ ਗੁਰੂ ਜਿਨ੍ਹਾਂ ਨੂੰ ਚੇਤਨ ਮੂਰਤੀਆਂ ਬਣੀਆਂ ਹੋਈਆਂ ਆਖਣਾਂ ਚਾਹੀਦਾ ਹੈ ਇਸ ਭਾਰਤ ਵਰਖ ਵਿਚ ਬੇਗਿਣਤ ਹਨ ਜਿਨ੍ਹਾਂ ਮਗਰ ਭੋਲੇ ਭਾਲੇ ਚਲਨੇ ਵਾਲੇ ਲੱਖਾਂ ਹੀ ਆਦਮੀ ਹਨ· ਫੇਰ ਉਨ੍ਹਾਂ ਨੇ ਗੱਲੇ ਦੇ ਊਠਾਂ ਵਾਂਗ ਆਪੇ ਆਪਣੀਆਂ ਨਿਸ਼ਾਨੀਆਂ ਲਾਈਆਂ ਹੋਈਆਂ ਹਨ ਜਿਸ ਤੇ ਇਕ ਦੂਜੇ ਦੇ ਨਾਲ ਰਲ ਨਾ ਜਾਣ ਜਿਸ ਪ੍ਰਕਾਰ ਗੋਰੇ ਬੈਲ ਨੂੰ ਥਾਪੀ ਦੇਕੇ ਕਰਸਾਨ ਹਲ ਨੂੰ ਜੋਤਦਾ ਹੈ ਇਸੀ ਪ੍ਰਕਾਰ ਇਹ ਲੋਕ ਬੀ ਸਿਖਾਂ ਨੂੰ ਥਾਪੀਆਂ ਦੇਕੇ ਆਪਣੀ ਸੇਵਾ ਵਿਚ ਜੋੜਦੇ ਹਨ ਕਈ ਘਰ ਇਨ੍ਹਾਂ ਦੇ ਹੱਥੋਂ ਉਜੜ ਗਏ ਕਈ ਵਿਚਾਰੀਆਂ ਇਨ੍ਹਾਂ ਦੇ ਹੱਥੋਂ ਰੰਡੀਆਂ ਜੀਉਂਦੇ ਜੀ ਭੁਗਤਿਆਂ ਦੇ ਹੋਈਆਂ ਕਈ ਮਾਪੇ ਪੁੱਤ੍ਰਾਂ ਦੇ ਹੁੰਦੇ ਬੇਉਲਾਦ ਹੋਏ ਕਿਤਨਿਆਂ ਨੇ ਸਿਰ ਮੂੰਹ ਮੁਨ ਕੇ ਚਉਂਕ ਕਰਾਏ ਕਿਤਨਿਆਂ ਨੇ ਜਟਾ ਬਣਾਂ ਕੇ ਸਿਰ ਵਿਚ ਖੇਹ ਪਾਈ· ਕਿਤਨੇ ਘਰ ਵਿਚ ਹੀ ਰਹਿ ਕਰਕੇ ਲਾਵੀ ਬੈਲ ਹੋ ਗਏ ਹਨ· ਇਨ੍ਹਾਂ ਦੇ ਸਬੂਤ ਵਾਸਤੇ ਕੋਈ ਗਵਾਹੀ ਯਾ ਕਿਤਾਬ ਦੀ ਲੋੜ ਨਹੀਂ ਹੈ ਇਨ੍ਹਾਂ ਗੁਰੂਆਂ ਦੀਆਂ ਜਮਾਤਾਂ ਜੰਗਲੀ ਮ੍ਰਿਗਾਂ ਦਰ ਸਾਰੇ ਹਿੰਦੁਸਤਾਨ ਵਿਚ ਭ੍ਰਮਦੀਆਂ ਫਿਰਦੀਆਂ ਹਨ

ਸਾਡੀ ਖਾਲਸਾ ਕੌਮ ਬੀ ਇਨ੍ਹਾਂ ਮੂਰਤੀਆਂ ਤੇ ਬਚੀ ਹੋਈ ਨਹੀਂ ਹੈ ਬਲਕੇ ਇਸ ਨੂੰ ਹੋਰ ਨਾਂ ਕੌਮਾਂ ਨਾਲੋਂ ਬੀ ਵਧਕੇ ਇਨ੍ਹਾਂ ਮੂਰਤਾਂ ਦੇ ਹੱਥੋਂ ਦੁਖ ਮਿਲ ਰਹੇ ਹਨ· ਐ ਖਾਲਸਾ ਕੌਮ ਦੇ ਪਿਆਰਿਓ ਐ ਦਸਮ ਪਾਤਿਸ਼ਾਹੀ ਜੀ ਦੇ ਬਚਨਾਂ ਪਰ ਵਿਸ੍ਵਾਸ ਕਰਨ ਵਾਲਿਓ ਐ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ ਧਾਰਨ ਕਰਨ ਵਾਲਿਓ ਕਿਆ ਆਪ ਇਨ੍ਹਾਂ ਜੜ੍ਹ ਚੇਤਨ ਮੂਰਤੀਆਂ ਦੇ ਗੁਲਾ

ਮਕਦ ਤੱਕ ਬਣੇ ਰਹੋਗੇ ਕਿਆ ਆਪ ਆਪਣੇ ਗੁਰਾਂ ਦੇ ਇਸ ਬਚਨ ਨੂੰ ਯਾਦ ਨਹੀਂ ਕਰੋਗੇ (ਤੁਮ ਹਿਦੂ ਕੋਈ ਅਵਰ ਨ ਧਿਆਉ ਜੋ ਬਰ ਚਾਹੂ ਸੋ ਤੁਮ ਤੇ ਪਾਊਂ) ਆਸ਼ਾ ਹੈ ਜੋ ਖਾਲਸਾ ਕੌਮ ਇਸ ਰੌਸ਼ਨੀ ਦੇ ਜ਼ਮਾਨੇ ਵਿਚ ਅਪਣੇ ਆਪ ਨੂੰ ਧਰਮ ਦੇ ਰਸਤੇ ਪਰ ਚਲਾਏਗੀ ਅਤੇ ਆਪਣੇ ਸਤਿਗੁਰਾਂ ਦੇ ਕਥਨ ਨੂੰ ਹਿਰਦੇ ਵਿਚ ਧਾਰਨ ਕਰੇਗੀ -

ਗੁਰਮੁਖੀ ਅਖਬਾਰ ਸ੍ਰੀ ਅੰਮ੍ਰਿਤਸਰ ਜੀ

੫ ਪੰਜ ਚੇਤ੍ਰ ਦੇ ਪਰਚੇ ਗੁਰਮੁਖੀ ਅਖਬਾਰ ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਇਕ ਸਿਖ ਨੂੰ ਅੰਮ੍ਰਿਤ ਛਕਾਉਣੇ ਪਰ ਬ੍ਰਿਥਾ ਦੋਸ਼ ਦੇਣਾ ਕੀਤਾ ਹੈ ਕਿ (ਲਾਹੌਰ ਕੀ ਸਿੰਘ ਸਭਾ ਨੇ ੨੫ ਮਾਸਕੀ ਰੁਪਏ ਤਨਖਾਹ ਲਾਕੇ ਇਕ ਮੁਸਲਮਾਨ ਹੋਏ ਹੋਏ ਸਿੰਘ ਨੂੰ ਫੇਰ ਸਿੰਘ ਕਰ ਲੀਤਾ ਹੈ ਜੋ ਫੇਰ ਮੁਸਲਮਾਨ ਹੋਕਰਕੇ ਤਮਾਕੂ ਬੇਚਦਾ ਹੈ ਜਿਸ ਵਿਚ ਉਸ ਸਭਾ ਨੇ ਤਖਤਾਂ ਦੀ ਆਗਿਆ ਨਹੀਂ ਲਈ ਏਹ ਕੰਮ ਨਾਮੁਨਾਸਬ ਔਰ ਮ੍ਰਿਜਾਦਾ ਖਾਲਸੇ ਜੀ ਸੇ ਵਿਰੁੱਧ ਹੂਆ - ਉਸ ਵਕਤ ਖਾਲਸਾ ਅਖਬਾਰ ਭੀ ਅਪਣੇ ਕੀਏ ਹੂਏ ਕੀ ਸ਼ਰਮਸਾਰੀ ਕੇ ਬਦਲੇ ਹੋਰ ਹੀ ਪਾਸੇ ਤੁਰ ਗਿਆ ਇਹ ਕਾਮ ਬਿਨਾਂ ਆਗਿਆ ਤਖਤ ਤਸਾਹਿਬ ਅਤੇ ਸਰਬਤ ਖਾਲਸਾ ਜੀ ਦੇ ਹੋਣਾ ਲਾਜ਼ਮੀ ਹਿਏ ਆਦਿ)

ਆਸੀਂ ਗੁਰਮੁਖੀ ਅਖਬਾਰ ਨੂੰ ਪੁਕਾਰਕੇ ਆਖਦੇ ਹਾਂ ਕਿ ਆਪ ਅਪਣੀ ਭੂਲ ਨੂੰ ਦਰੁਸਤ ਕਰੇ ਕਿਉਂਕਿ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਨੇ ਕਿਸੇ ਇਜੇਹੇ ਆਦਮੀ ਤੇ ੨੫ ਰੁਪਏ ਲੈਕੇ ਅੰਮ੍ਰਿਤ ਨਹੀਂ ਛਕਾਇਆ ਜੋ ਲਾਹੌਰ ਵਿਚ ਤਮਾਕੂ ਬੇਚਦਾ ਹੋਵੇ - ਹਾਂ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਨੇ ਉਸ ਸਿੱਧੇ ਸਿਖ ਨੂੰ ਜੋ ਗੀਤਾ ਤੋਂ ਹੋਕਰ ਆਇਆ ਸੀ ਅਤੇ ਗੀਤਾ ਦੇ ਪੰਡਿਤਾਂ ਦੀਆਂ ਮੁਹਰਾਂ ਲਗੀਆਂ ਹੋਈਆਂ ਉਸ ਦੇ ਪਾਸ ਮੌਜੂਦ ਸਨ ਅਰ ਆਰਯਾ ਸਮਾਜ ਸ੍ਰੀ ਅੰਮ੍ਰਿਤਸਰ ਜੀ ਤੇ ਪੰਡਿਤ ਤੁਲਸੀ ਰਾਮ ਜੀ ਦੀਆਂ ਚਿਠੀਆਂ ਤੇ ਮੁਹਰਾਂ ਉਸ ਦੇ ਪਾਸ ਸਨ ਉਸ ਸਿਖ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਨੇ ਜ਼ਰੂਰ ੨੫ ਰੁਪਏ ਤਨਖਾਹ ਲਾਕੇ ਜੋ ਧਰਮਸ਼ਾਲਾ ਵਿਚ ਰਖੇ ਪਏ ਹਨ ਸਿੰਘ ਧਰਮ ਵਿਚ ਲਿਆਂਦਾ ਹੈ ਜਿਸਦਾ ਸਬੂਤ ਸਾਰਾ ਸਿੰਘ ਮੁਲਖ ਦੇ ਵਿਚ ਹੈ ਅਜੇਹੀ ਗੱਲ ਦਾ ਇਸ ਪ੍ਰਕਾਰ ਲਿਖਣਾਂ ਬੁੱਧੀ ਮਤ ਸੇ ਦੂਰ ਹੈ ਔਰ ਜੋ ਆਪਨੇ ਲਿਖਿਆ ਕਿ ਕਿਸੇ ਤਖਤ ਦੀ ਆਗਿਆ ਨਹੀਂ ਲੀਤੀ ਗਈ - ਆਪ ਨੂੰ ਯਾਦ ਰਹੇ ਕਿ ਜਿਸ ਪ੍ਰਕਾਰ ਸਰਕਾਰ ਨੇ ਜੋ ਕਾਨੂੰਨ ਬਣਾਏ ਹੋਏ ਹੈਨ ਉਸਦੇ ਅਨੁਸਾਰ ਚਲਨੇ ਵਾਲਾ ਆਲਾ ਅਦਨਾਂ ਹਾਕਮ ਖੁਦ ਮੁਖਤ੍ਯਾਰ ਹੈ ਇਸ ਲਈ ਆਸੀਂ ਤਖਤਾਂ ਨੂੰ ਮੰਨਦੇ ਹਾਂ ਅਤੇ ਉਨਾਂ ਦੀ ਇਜ਼ਤ ਕਰਦੇ ਹਾਂ ਅਰ ਤਖਤਾਂ ਨੇ ਸੁਧ ਕਰਨਾਂ ਕਿਸੇ ਸਿੰਘ ਦਾ ਕਦੀ ਮਨਾ ਖਾਲਸਾ ਪੰਥ ਨੂੰ ਮਨੇ ਨਹੀਂ ਕੀਤਾ ਇਸ ਲਈ ਉਨਾਂ ਦੀ ਆਗਿਆ ਦਾ ਲੈਣਾ ਨਹੀਂ ਬਲਕੇ ਪਾਲਨ ਕਰਣਾ ਹੈ ਏਹ ਕੰਮ ਖਾਲਸਾ ਤੇ ਵਿਰੁੱਧ ਨਹੀਂ ਸਗੋਂ ਅਨਕੂਲ ਹੈ ਆਪ ਖਾਲਸਾ ਧਰਮ ਦੇ ਪੁਸਤਕ ਪੜ੍ਹ ਕਰ ਦੇਖੋਗੇ ਤਦ ਖੁਦ ਕਬੂਲ ਕਰੋਗੇ - ਖਾਲਸਾ ਅਖਬਾਰ ਕਿਸੇ ਹੋਰ ਪਾਸੇ ਨਹੀਂ ਗਿਆ ਸਗੋਂ ਠੀਕ ਸੱਚੇ ਮਾਰਗ ਪਰ ਹੈ ਖਾਲਸਾ ਅਖਬਾਰ ਚਾਹੁੰਦਾ ਹੈ ਕਿ ਖਾਲਸਾ ਧਰਮ ਸਾਰੀ ਪ੍ਰਿਥੀ ਪਰ ਫੈਲੇ ਜਿਤਨੇ ਸ੍ਰਿਸ਼ਟੀ ਦੇ ਲੋਕ ਹਨ ਉਹ ਸਤਿਸ੍ਰੀ ਅਕਾਲ ਦਾ ਜਾਪ ਕਰਨ ਸ੍ਰੀ ਗੁਰੂ ਕਲਗੀਧਰ ਜੀ ਦੇ ਪਿਆਰੇ ਪੁੱਤ੍ਰ ਕਹਿਲਾਉਣ ਇਸ ਲਈ ਆਪ ਨੂੰ ਫੇਰ ਜਤਾਇਆ ਜਾਂਦਾ ਹੈ ਕਿ ਜਿਸ ਸਿਖ ਨੂੰ ਸਭਾ ਨੇ ਅੰਮ੍ਰਿਤ ਛਕਾਇਆ ਸੀ ਉਹ ਸਿੰਘ ਸਿਧੀ ਤਰ੍ਹਾਂ ਆਪਣੇ ਘਰ ਮੌਜਾਂ ਕਰ ਰਿਹਾ ਹੈ - ਫਰਜ਼ ਕਰੋ ਜੇ ਕੋਈ ਆਦਮੀ ਅੰਮ੍ਰਿਤ ਛਕਕੇ ਭੀ ਫੇਰ ਦੁਰਾਚਾਰੀ ਹੋ ਜਾਵੇ ਤਦ ਕੌਮ ਪਰ ਦੋਸ਼ ਨਹੀਂ ਆ ਸਕਦਾ ਕਿਆ ਮਾਲੀ ਜਿਤਨੇ ਬੂਟਿਆਂ ਨੂੰ ਪੇਉਂਦ ਲਗਾਉਂਦਾ ਹੈ ਓਹ ਸਾਰੇ ਹਰੇ ਹੋ ਜਾਂਦੇ ਹਨ ਕਦੇ ਨਹੀਂ, ਯਾਂ ਸਾਰੇ ਪੁੱਤ੍ਰ ਜਨਮਕੇ ਜੀਂਦੇ ਰਹਿੰਦੇ ਹਨ ਕਦੇ ਨਹੀਂ ਇਜੇਹਾ ਲਿਖਿਆ ਛਪਾਉਣਾ ਕਰਨਾਂ ਕੌਮ ਦੇ ਦਿਲ

ਪਰ ਕਿਹਾ ਅਸਰ ਪੈਦਾ ਕਰਦਾ ਹੈ
ਸਵਾਏ ਇਸ ਦੇ ਕਿ ਆਪਦੀ ਬੁੱਧੀ
ਨੂੰ ਪ੍ਰਗਟ ਕਰੇ ਅਸੀਂ ਦਸਦੇ ਹੋਏ
ਨਹੁੰਦੇ ਹਾਂ ਕਿ ਆਪਦਾ ਸਮਾਜ
ਸ੍ਰੀ ਅੰਮ੍ਰਿਤਸਰ ਨੇ ਇਸੀ ਸ਼ਹਿਰ ਦੇ
ਦੋ ਸੈਂਕੜੇ ਆਦਮੀ ਦਸਤਖ਼ਤ ਕੀਸਨ
ਸ਼ਹਿਰ ਦੇ ਮੁਸਲਮਾਨ ਯਾਂ ਈਸਾ
ਈ ਹੋਏ ਹੋਏ ਮਿਲਾਏ ਜਿਨ੍ਹਾਂ ਦੇ
ਨਾਲ ਬਾਰੇ ਬਾਹਿਰ ਅਤੇ ਦੇਸ ਦੇ
ਲੋਕ ਵਾਕਫ਼ ਹਨ ਅਫ਼ਸੋਸ ਹੈ
ਸ੍ਰੀ ਗੁਰੂ ਸਿੰਘ ਸਭਾ ਲਾਹੌਰ ਨੇ
ਇਕ ਸਿਖ ਨੂੰ ਜਿਸ ਨੂੰ ਆਰਯਾਸ
ਮਾਜ ਹਿੰਦੂ ਬਣਾ ਚੁਕਾ ਸੀ ਸਿੰਘ
ਕੀਤਾ ਉਹ ਆਪਦੇ ਨੇੜੇ ਇਸੀ
ਦਿਨ ਪਰਤੀਤ ਹੁੰਦਾ ਹੈ ਜਿਸ ਤੋਂ ਸਾਫ
ਪਾਈਆ ਜਾਂਦਾ ਹੈ ਕਿ ਆਪ ਖਾਲ
ਸਾ ਕੌਮ ਦੀ ਉੱਨਤੀ ਨਹੀਂ ਚਾਹੁੰਦੇ
ਦੂਸਰਾ ਆਪ ਇਸ ਬਾਤ ਪਰ ਜ਼ੋਰ
ਦਿੰਦੇ ਹੋ ਕਿ ਤਖਤਾਂ ਦੀ ਆਗਿਆ
ਨਹੀਂ ਲਈ ਗਈ ਤੇ ਪੰਥ ਮਰਯਾਦ
ਤੇ ਵਿਰੁੱਧ ਕਾਰ ਵਾਈ ਕੀਤੀ ਹੈ
ਆਪ ਦੇ ਇਸ ਲੇਖ ਤੋਂ ਇਹਿ ਪਾ
ਇਆ ਜਾਂਦਾ ਹੈ ਕਿ [illegible]
ਅਤੇ ਪੰਥ ਨੂੰ ਸ੍ਰੀ ਗੁਰੂ ਸਿੰਘ ਸਭਾ
ਲਾਹੌਰ ਵਲੋਂ ਵਿਰੁੱਧ ਕਰਨਾ ਚਾਹੁੰ
ਦੇ ਹੋ ਪਰ ਆਪ ਨੂੰ ਯਾਦ ਰਹੇ ਜੋ
ਤਖਤ ਸਾਹਿਬ ਕੌਮ ਨਿਤੀ ਵਿਚੋਂ
ਸਾਡੇ ਸਹਾਈ ਅਤੇ ਮਦਦ ਗਾਰ
ਨ ਤੇ ਜੇਕਰ ਪੰਥ ਮਰਯਾਦਾ ਆਪ
ਨੇ ਦੇਖਣੀ ਹੈ ਤਾਂ ਪੰਥ ਪ੍ਰਕਾਸ਼
ਆਦਿਕ ਖਾਲਸੇ ਦੇ ਪੁਸਤਕਾਂ ਵਿਚ
ਦੇਖ ਲੈਵੋ ਜਿਸ ਤੋਂ ਪੰਥ ਸਾਡੇ
ਨਾਲ ਹੈ ਇਸ ਲਈ ਆਪ ਦਾ
ਇਹਿ ਲੇਖ ਕਿਸੀ ਪ੍ਰਕਾਰ ਠੀਕ
ਨਹੀਂ ਹੈ · ਕੇਹੀ ਅਫ਼ਸੋਸ ਦੀ ਗ
ਲ ਹੈ ਜੋ ਕੁਲ ਕਰਕੇ ਆਪ ਦੇ ਧ
ਰਮ ਨੂੰ ਤ੍ਰਿਯਾਗੇ ਤੇ ਦੂਸਰੇ ਮਤ ਵਿ
ਚ ਚਲਿਆ ਜਾਵੇ ਅਤੇ ਫੇਰ ਕਿਸੇ
ਮਹਾਤਮਾਂ ਦੀ ਸੰਗਤ ਯਾਂ ਕੌਮੀ
ਸੁਹਬਤ ਕਰਕੇ ਆਪਣੀ ਭੁਲ ਬ
ਖਸਾਵੇ ਅਤੇ ਆਪਣੇ ਸਤ੍ਯ ਧ
ਰਮ ਵਲ ਆਵੇ ਉਸ ਨੂੰ ਤਾਂ ਕੌਮ ਦੇ
ਵਲੋਂ ਦੂਰ ਦੂਰ ਕਰਕੇ ਦੂਰ ਕਰਾਇਆ
ਜਾਵੇ ਅਤੇ ਉਸ ਦੇ ਮਿਲਾਉਣ ਨੂੰ
ਤਖਤਾਂ ਅਤੇ ਪੰਥ ਮਰਯਾਦਾ ਤੋਂ
ਵਿਰੁੱਧ ਆਖਿਆ ਜਾਵੇ
ਪਰੰਤੂ ਜੋ ਲੋਕ - ਰੰਡੀ ਬਾਜ਼ - ਕੁ
ਮਾਰ ਬਾਜ਼ - ਸ਼ਰਾਬੀ - ਕਬਾਬੀ
ਕੁੱਠਾ ਖਾਣ ਵਾਲੇ - ਬਸਮਾਲਾ ਉ
ਣ ਵਾਲੇ - ਪਰਨਾਰੀ ਗਾਮੀ - ਮੁਸ
ਲੀ ਧਰ - ਪੱਟ ਮੁਨਾਉਣ ਵਾਲੇ -
ਮੋਢਾਂ ਨੇ ਨਾਲ ਦਾਲ ਚੁਗਾਉਣ ਵਾਲੇ
- ਜੀਵ ਹਤਿਆ ਕਰਨ ਵਾਲੇ - ਬਟੇਰ
ਬਾਜ਼ - ਮੁਰਗ਼ ਬਾਜ਼ - ਕਬੂਤਰ ਬਾ
ਜ਼ - ਗੁੱਡੀ ਬਾਜ਼ ਹੋਣ - ਉਹ ਤਖ
ਤਾਂ ਅਤੇ ਪੰਥ ਮਰਯਾਦਾ ਤੇ ਵਿਰੁੱਧ
ਨਾਂ ਆਖੇ ਜਾਨ - ਸਾਡੇ ਖਿਆਲ ਵਿ
ਚ ਤਾਂ ਮਿਲਾਉਣਾ ਚਾਹੀਏ ਉਨ੍ਹਾਂ
ਗਰੀਬਾਂ ਨੂੰ ਜੋ ਕੌਮ ਦੇ ਹਿਤਕਾਰੀ
ਹੋਣ ਅਤੇ ਨਿਕਾਲ ਦੇਣਾ ਚਾਹੀਏ
ਅਜੇਹੀਆਂ ਦੁਰਾਚਾਰੀਆਂ ਨੂੰ ਜੋ ਕੁ
ਕਰਮੀ ਹੋ ਕਰਕੇ ਸਿੰਘ ਧਰਮ ਵਿਚ
ਆਪ ਨੂੰ ਗਿਣਦੇ ਹੋਣ -
ਗੁਰਮੁਖੀ ਅਖਬਾਰ ਨੂੰ ਚਾਹੀਦਾ
ਹੈ ਜੋ ਇਸ ਮੁਆਮਲੇ ਵਿਚ ਖਾ
ਲਸਾ ਅਖ਼ਬਾਰ ਦਾ ਸਾਥ ਕਰੇ ਅਤੇ
ਕੌਮ ਅੱਗੇ ਪੁਕਾਰ ਕਰੇ ਕਿ ਜੋ ਸਿਖ
ਹੋ ਕੇ ਪਵਿਤ੍ਰ ਮਰਯਾਦਾ ਨਹੀਂ ਰਖਦੇ
ਉਨ੍ਹਾਂ ਨੂੰ ਦੁਰ ਦੁਰ ਕਰਨਾ ਚਾਹੀਏ
ਅਤੇ ਨਿਆਸਰਿਆਂ ਦਾ ਆਸਰਾ
ਹੋਣਾ ਚਾਹੀਏ ਆਸ਼ਾ ਹੈ ਜੋ ਗੁਰਮੁ
ਖੀ ਅਖ਼ਬਾਰ ਜ਼ਰੂਰ ਕੌਮ ਖਾਲਸਾ
ਦੀ ਉੱਨਤੀ ਲਈ ਸਾਡੀ ਸਹਾਇਤਾ
ਕਰੇ ਗੀ -

ਸ੍ਰੀ ਗੁਰੂ ਸਿੰਘ ਸਭਾ ਮੋਗੇ

ਸ੍ਰੀ ਗੁਰੂ ਸਿੰਘ ਸਭਾ ਮੋਗੇ ਤੋਂ ਸਾਡੇ ਪਾ
ਸ ਇਕ ਪੱਤ੍ਰ ਆਇਆ ਹੈ ਜਿਸ ਵਿਚ
ਸ੍ਰੀ ਗੁਰੂ ਸਿੰਘ ਸਭਾ ਦੇ ਸਹਾਇਕੀ
ਖ਼ਬਰ ਦੇਂਦੇ ਹਨ ਕਿ ਇਥੇ ਇਕ ਕਾਹਨ ਸਿੰਘ
ਨਾਮੇ ਸਿੰਘ ਇਸ ਸਿਭਾ ਹੈ ਜਿਸ ਦਾ
ਰਤੇ ਅਨੰਦ ਕਰਾਇਆ ਹੈ ਜਿ
ਸ ਦਾ ਸਭ ਕਾਰਜ ਖਾਲਸਾ ਧਰਮ ਅ
ਨੁਸਾਰ ਕੀਤਾ ਗਿਆ ਕੋਈ ਬਿਧਿ
ਆਕਰਮ ਪੋਪ ਲੀਲਾ ਅਨੁਸਾਰ ਨਹੀਂ
ਕੀਤਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ
ਜੀ ਦਾ ਪਾਠ ਤੇ ੧ ਕੜਾਹ ਪ੍ਰਸ਼ਾਦ ਵਰ
ਤਾਉਣਾ ਹੀ ਉਤਮ ਸਮਝਿਆ ਹੈ
ਦੂਸਰਾ ਲਿਖਦੇ ਹਨ ਕਿ ਇਸ ਸ
ਭਾ ਨੇ ਆਪਣੇ ਇਲਾਕੇ ਦੇ ਪਿੰਡਾਂ ਵਿਚ
ਖ਼ਬਰ ਕਰ ਦਿਤੀ ਹੈ ਕਿ ਜਿਸ ਕਿਸੇ
ਨੇ ਮੁਸਲਮਾਨਾਂ ਯਾਂ ਚੂਹੜ੍ਹੇ ਆਦਿਕ
ਨਾਲ ਖਾ ਪੀ ਲਿਆ ਹੋਵੇ ਯਾਂ ਕੋਈ
ਮੁਸਲਮਾਨ ਯਾ ਈਸਾਈ ਹੋਗੀ

ਆ ਹੋਵੇ ਉਹ ਫੇਰ ਸ਼ੁਧ ਹੋਣਾ
ਚਾਹੇ ਉਹ ਸਾਡੇ ਪਾਸ ਮੌਜੂਦ ਹੋਵੇ
ਆਵੇ ਸ੍ਰੀ ਗੁਰੂ ਮਹਾਰਾਜ ਦੀ ਕ੍ਰਿਪਾ
ਸੇ ਖਾਲਸਾ ਉਸਨੂੰ ਸ਼ੁੱਧ ਕਰੇਗਾ
ਕਿਉਂਕਿ ਖਾਲਸਾ ਬਖਸ਼ਣ ਜੋ
ਗ ਅਤੇ ਸ਼ੁੱਧ ਕਰਨੇ ਜੋਗ ਹੈ ਇ
ਸ ਬਾਤ ਨੂੰ ਸਭ ਇਰਦੇ ਗਿਰਦੇ
ਦੇ ਸਿੰਘਾਂ ਨੇ ਮਨਜ਼ੂਰ ਕਰ ਲੀਤਾ ਹੈ

ਭਾਈ ਲਹਿਣਾ ਸਿੰਘ
ਪ੍ਰੈਜ਼ੀਡੈਂਟ ਸ੍ਰੀ ਗੁਰੂ ਸਿੰਘ ਸਭਾ
ਮੋਗੇ

ਰਿਆਸਤ ਫ਼ਰੀਦਕੋਟ

ਸ੍ਰੀ ਯੁਤ ਸਰ ਸਰਦਾਰ ਸਾਹਿਬ
ਸਰਦਾਰ ਅਤਰ ਸਿੰਘ ਸਾਹਿਬ -
ਸੀ - ਆਈ - ਈ - ਮਹਾ
ਮਹੋਪਾਧਿਆਇ ਵਜ਼ੀਰ ਆਜ਼ਮ
ਰਿਆਸਤ ਫ਼ਰੀਦਕੋਟ ਨੇ ਇਸ ਖੁਸ਼ੀ
ਲੀ ਦੀ ਯਾਦਗਾਰ ਵਿਚ ਇਕ ਐਸੀ
ਯਾਦਗਾਰ ਕਾਇਮ ਕੀਤੀ ਹੈ ਜੋ
ਲੋਕਾਂ ਦੀ ਉਲਾਦ ਦੇ ਦਿਲਾਂ ਅਤੇ
ਸਰਕਾਰ ਦੇ ਤਾਰੀਖੀ ਹਾਲ ਵਿਚ
ਸਦਾ ਹੀ ਯਾਦ ਰਹੇਗੀ
ਉਹ ਇਹ ਹੈ ਜੋ ਆਪਣੀ ਰਿਆ
ਯਾ ਨੂੰ ਕਰਜ਼ੇ ਦਾ ਬਖਸ਼ ਦੇਣਾ
ਅਤੇ ਜ਼ਮੀਨ ਦੀ ਮੁਆਫ਼ੀ ਕਰਦੇ
ਨੀ ਜੈਸਾ ਕਿ ਹੇਠਾਂ ਲਿਖਿਆ
ਜਾਂਦਾ ਹੈ
ਪਟਿਆਲੇ ਦੇ ਵਸਨੀਕ ਆਲਾ
ਅਲਾ ਬਾਲਾ ਮੁਕਦਮਾਂ ਨੂੰ ਉਸ ਵਿਚ
ਤੇਰਾਂ ਹਜ਼ਾਰ ਇਕ ਸੌ ਛਿਆਹਟ
ਰੁਪਏ ਚਾਰ ਆਨੇ ਕਰਜ਼ਾ ਬਖ
ਸ਼ ਦੇਣਾ -
(੧) ਕੁਸਕਾਸੀਗੜ੍ਹ ਪੁਰੇ ਦੇ ਜੈ
ਨੀਆਂ ਦਲ ਜਿਨ੍ਹਾਂ ਦੇ ਨਾਮ ਏਹ
ਹਨ ਗੁਰਬਖਸ਼ ਸਿੰਘ - ਚਮਨ
ਸਿੰਘ - ਰੁੜ੍ਹਾ ਸਿੰਘ - ਰੂਪ ਸਿੰਘ
ਜੀਵਾ ਸਿੰਘ ਜੈਸੋਂ ਦੇ ਰੁਪਏ
ਚਾਰ ਆਨੇ ਸਨ ਉਹ ਭੀ ਮੁਆਫ਼
ਕਰ ਦਿਤੇ -
(੩) ਤੀਜਾ ਅਮੀਰ ਚੰਦ ਬਾਣੀਆਂ
ਇਲਾਕਾ ਪਟਿਆਲਾ ਨੂੰ ਚਾਰ ਸੌ
ਰੁਪਿਆ ਛੱਡ ਦਿਤਾ -
(੪) ਚੌਥਾ ਸਾਦੀਪੁਰ ਦੇ ਸਰੂਪ
ਸਿੰਘ ਕਰਪਾਲ ਸਿੰਘ ਕਿਸ਼ਨ ਸਿੰਘ
ਆਦਿਕਾਂ ਨੂੰ ਤਿਨ ਸੌ ਇਕਤਾਲੀ ਰੁਪ
ਏ ਨੌਂ ਆਨੇ ਛਡੇ -
(੫) ਪੰਜਮੀ ਪਟਿਆਲੇ ਦੇ ਇਲਾ
ਕੇ ਤਹਿਸੀਲ ਭੀਖੀ ਅਕਲੀਆ
ਨਾਮੇ ਨਗਰ ਵਿਚ ਭਗਵਾਨ ਸਿੰਘ
ਨਾਮੇ ਜ਼ਿਮੀਦਾਰ ਨੂੰ ਦੋ ਹਜ਼ਾਰ ਤਿਨ
ਸੌ ਸੱਤ ਰੁਪਏ ਛੱਡ ਦਿਤੇ ਹਾਲੇ
ਦੀ ਬਾਕੀ
(੬) ਅਜੂ [illegible]
ਇਲਾਕਾ ਫ਼ਰੀਦਕੋਟ ਨੂੰ ਤਿਰਾਸੀ ਰੁਪਏ
ਚਾਰ ਆਨੇ ਛਡੇ -
(੭) ਖ਼ਾਲਸਪੁਰ ਨਗਰ ਦੇ ਜ਼ਿਮੀ
ਬਤੀ ਰੁਪਏ ਪੰਦਰਾਂ ਆਨੇ ਮੁ
ਆਫ਼ ਕੀਤੇ -
(੮) ਜੀਦ੍ਹਾਂ ਨਾਮੇ ਨਗਰ ਦੇ ਜ਼ਿਮੀ
ਬਾਕੀ ਦੋ ਸੌ ਨਿਨਾਨਵੇਂ ਰੁਪਏ
ਬਕਾਇਆ ਸੇ ਜੋ ਮੁਆਫ਼ ਕਰ
ਦਿਤੇ -
(੯) ਫਿੱਡੇ ਨਾਮੇ ਨਗਰ ਇਲਾਕੇ
ਫ਼ਰੀਦਕੋਟ ਤਿਨ ਸੌ ਸਤਾਰਾਂ ਰੁਪਏ
ਚੌਦਾਂ ਆਨੇ ਛੱਡੇ -
(੧੦) ਕਰਾੜੀ ਨਾਮੇ ਨਗਰ ਇਲਾਕੇ
ਦੇਣੂ ਭਗਵਾਨ ਨਾਮੇ ਜ਼ਿਮੀਦਾਰ ਨੂੰ
ਚਾਲੀ ਰੁਪਏ ਮੁਆਫ਼ ਕੀਤੇ -
(੧੧) ਮੰਡੀਆ ਨਾਮੇ ਨਗਰ ਨੂੰ ਮੁਆਂ
ਮਲੇ ਦੀ ਬਾਕੀ ਨੌਂ ਰੁਪਏ ਮੁਆਫ਼
ਕੀਤੇ ਗਏ -
(੧੨) ਸਿਰਾਵਿਆਲ ਜੈਤੋਆਲਾ
ਨਿਵਾਸੀ ਇਲਾਕਾ ਸਰਕਾਰ ਅੰਗ੍ਰੇ
ਜ਼ੀ ਨੂੰ ਪੰਜਾਹ ਰੁਪਏ ਛੱਡੇ -
(੧੩) ਮਹੀਮਦ ਬਖ਼ਸ਼ ਕਲਾਂਦ੍ਰ
ਨੇ ਤੀਹ ਰੁਪਏ ਦੇਣੇ ਸਨ ਜੋ ਜੇਲ੍ਹ
ਖ਼ਾਨੇ ਹਾਤੇ ਗਈਕੌਰ ਦੇ ਰਹਿਣੇ
ਵਾਲਾ ਸੀ ਸੋ ਮੁਆਫ਼ ਕੀਤੇ -
ਇਸ ਸਾਰੀ ਰਕਮ ਦਾ ਜੋੜ ਅਠਾ
ਰਾਂ ਹਜ਼ਾਰ ਅਠੰਤੀ ਰੁਪਏ ਛੇ ਆ
ਨੇ ਹਨ
(੧੪) ਹੋਰ ਛੇ ਮਹੀਨੇ ਤੇ ਲੈਕਰ ਜੋ
ਫ਼ਰੀਦਕੋਟ ਦੀ ਰਿਆਯਾ ਨੂੰ ਸਜ਼ਾ ਦਿ
[illegible]
ਲਗਭਗ ਸੀ ਸਭ ਮੁਆਫ਼ ਕ
ਰ ਦਿੱਤਾ
(੧੫) ਪੰਜ ਸੌ ਮਣ ਗੱਲਾ ਇਸ
ਮੌਕੇ ਪਰ ਗਰੀਬਾਂ ਨੂੰ ਹੋਰ
ਵੰਡਿਆ ਗਿਆ -
(੧੬) ਜਿਨ੍ਹਾਂ ਦੀ ਜ਼ਮੀਨ ਜ਼ਬ
ਤ ਕੀਤੀ ਗਈ ਸੀ ਉਨ੍ਹਾਂ ਨੂੰ
ਬਹਾਲ ਕਰ ਦਿਤੀ ਗਈ ਜੈਸਾ
ਕਾਜ਼ੀ ਸ਼ੇਰ ਮਹੀਮਦ ਧਨੇਰ

ਇਲਾਕਾ ਭਦੌੜ ਇਕ ਸੌ ਘੁਮਾਉਂ ਵਿਖੇ ਜਮੀਨ ਬਹਾਲ ਕੀਤੀ
(੧੭) ਨਬੀ ਬਖਸ਼ ਧਨੇਰ ਨੂੰ ਪੰਜ ਵਿਸਾਖੀਏ ਅਤੇ ਜਿਸਦੇ ਜ਼ਮੀਨ ਜਬਤ ਕੀਤੀ ਹੋਈ ਮੁਆਫ਼ ਕੀਤੀ ਗਈ - ਆਦਿ

ਅਸੀਂ ਸ੍ਰੀ ਯੁਤ ਸਰਦਾਰ ਸਾਹਿਬ ਸਰਦਾਰ ਅਤਰ ਸਿੰਘ ਸਾਹਿਬ - ਸੀ ਆਈ - ਈ - ਮਹਾਮਹੋਪਾਧ੍ਯਾਇ ਰਈਸ ਭਦੌੜ ਦੀ ਇਸ ਉਪਕਾਰ ਦਾ ਜਿਸ ਤੇ ਰਿਆਯਾ ਨੂੰ ਅਤ੍ਯੰਤ ਸੁਖ ਦਿਤਾ ਗਿਆ ਹੈ ਧੰਨਵਾਦ ਕਰਦੇ ਹਾਂ ਅਤੇ ਹੋਰ ਸ੍ਰਦਾਰਾਂ ਅਤੇ ਰਈਸਾਂ ਅੱਗੇ ਬੀ ਪ੍ਰਾਰਥਨਾ ਕਰਦੇ ਹਾਂ ਕਿ ਸ੍ਰੀ ਯੁਤ ਸ੍ਰਦਾਰ ਸਾਹਿਬ ਜੈਸੀ ਕਾਇਮ ਕਰਿਆ ਕਰਨ -

੨੪ ਮਾਰਚ ਸੰ: ੮੫ ਈ: ਨੂੰ ਸ੍ਰੀ ਯੁਤ ਲਾਟ ਸਾਹਿਬ ਪੰਜਾਬ ਨੂੰ ਸਤ ਥਲੇ ਸਾਮ ਦੇ ਸਭ ਸਭਾਂ ਨੇ ਮਿਲਕੇ ਐਡ੍ਰੈਸ ਦਿਤੇ ਜਿਸ ਵਿਚ ਖਾਲਸਾ ਕੌਮ ਵਲੋਂ ਬੀ ਦੋ ਐਡ੍ਰੈਸ ਦਿਤੇ ਗਏ ਜਿਨ੍ਹਾਂ ਵਿਚੋਂ ਇਕ ਤਾਂ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਅਤੇ ਦੂਸਰਾ ਖਾਲਸਾ ਦੀਵਾਨ ਵਲੋਂ ਸੀ

ਜਿਨ੍ਹਾਂ ਸਾਹਿਬਾਂ ਨੇ ਮਿਲ ਕਰਕੇ ਐਡ੍ਰੈਸ ਦਿਤੇ ਉਨ੍ਹਾਂ ਦੇ ਨਾਮ ਹੇਠਾਂ ਲਿਖੇ ਜਾਂਦੇ ਹਨ - ਖਾਲਸਾ ਦੀਵਾਨ ਦੇ ਐਡ੍ਰੈਸ ਨਾਲ - ਸ੍ਰੀ ਯੁਤ ਸਰ ਸਰਦਾਰ ਸਾਹਿਬ ਸਰਦਾਰ ਅਤਰ ਸਿੰਘ ਸਾਹਿਬ - ਸੀ - ਆਈ - ਈ - ਮਹਾਮਹੋਪਾਧ੍ਯਾਇ ਰਈਸ ਜਮਾਂ ਰੀਆਸਤ ਭਦੌੜ - ਸਰਦਾਰ ਸਾਹਿਬ ਸਰਦਾਰ ਧਰਮ ਸਿੰਘ ਸਾਹਿਬ ਅਸਿਸਟੈਂਟ ਇੰਜੀਨੀਅਰ - ਸਰਦਾਰ ਨਿਰੰਜਨ ਸਿੰਘ ਸਾਹਿਬ ਛਾਛੀ - ਭਾਈ ਸਾਹਿਬ ਭਾਈ ਗੁਰਦਿਤ ਸਿੰਘ ਸਾਹਿਬ ਜੀ ਬੇਟੇ ਭਾਈ ਇੰਦ੍ਰਜੀਤ ਸਿੰਘ ਸਾਹਿਬ ਸੁਰਗ ਬਾਸੀ - ਭਾਈ ਸੰਤ ਸਿੰਘ ਸਾਹਿਬ ਚੀਫ਼ਕੋਰਟ ਪੰਜਾਬ - ਭਾਈ ਗੁਰਮੁਖ ਸਿੰਘ ਸਾਹਿਬ ਚੀਫ ਸਕੱਤ੍ਰ ਖਾਲਸਾ ਦੀਵਾਨ - ਸੋਢੀ ਕਰਮ ਸਿੰਘ ਜੀ - ਇਹ ਐਡ੍ਰੈਸ ਸ੍ਰਦਾਰ ਨਿਰੰਜਨ ਸਿੰਘ ਸਾਹਿਬ ਛਾਛੀ ਨੇ ਪੜ੍ਹਿਆ ਅਤੇ ਦੀਵਾਨ ਸਾਹਿਬ ਸ੍ਰਦਾਰ ਅਤਰ ਸਿੰਘ ਸਾਹਿਬ - ਸੀ - ਆਈ - ਈ ਮਹਾਮਹੋਪਾਧ੍ਯਾਇ ਨੇ ਸ੍ਰੀ ਯੁਤ ਲਾਟ ਸਾਹਿਬ ਨੂੰ ਦਿਤਾ -

ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਐਡ੍ਰੈਸ ਨਾਲ ਇਹ ਸਾਹਿਬ ਸੇ - ਭਾਈ ਮੀਹਾਂ ਸਿੰਘ ਸਾਹਿਬ ਔਨਰੇਰੀ ਮਜਿਸਟ੍ਰੇਟ ਅਤੇ ਪ੍ਰੈਜੀਡੈਂਟ ਸ੍ਰੀ ਗੁਰੂ ਸਿੰਘ ਸਭਾ ਲਾਹੌਰ - ਭਾਈ ਜੁਵਾਹਰ ਸਿੰਘ ਜੀ ਸਕੇਟਰੀ ਸ੍ਰੀ ਗੁਰੂ ਸਿੰਘ ਸਭਾ ਲਾਹੌਰ - ਭਾਈ ਨਿਹਾਲ ਸਿੰਘ ਜੀ ਜਨਰਲ ਸਕੇਟਰੀ ਸ੍ਰੀ ਗੁਰੂ ਸਿੰਘ ਸਭਾ ਲਾਹੌਰ - ਭਾਈ ਬਸੰਤ ਸਿੰਘ ਜੀ ਵੈਕਟੈਟਰ ਸ੍ਰੀ ਗੁਰੂ ਸਿੰਘ ਸਭਾ ਲਾਹੌਰ - ਭਾਈ ਤੇਜਾ ਸਿੰਘ ਜੀ ਖਜਾਨਚੀ ਸ੍ਰੀ ਗੁਰੂ ਸਿੰਘ ਸਭਾ ਲਾਹੌਰ - ਭਾਈ ਮਈਆ ਸਿੰਘ ਜੀ ਅਸਿਸਟੈਂਟ ਸਕੇਟਰੀ ਸ੍ਰੀ ਗੁਰੂ ਸਿੰਘ ਸਭਾ ਲਾਹੌਰ - ਭਾਈ ਪ੍ਰੇਮ ਸਿੰਘ ਜੀ ਅਸਿਸਟੈਂਟ ਸਕੇਟਰੀ ਸ੍ਰੀ ਗੁਰੂ ਸਿੰਘ ਸਭਾ ਲਾਹੌਰ - ਭਾਈ ਮੇਘਾ ਸਿੰਘ ਜੀ ਸਹਾਇਕ ਸ੍ਰੀ ਗੁਰੂ ਸਿੰਘ ਸਭਾ ਲਾਹੌਰ - ਭਾਈ ਅਤਰ ਸਿੰਘ ਜੀ ਦਰੋਗਾ ਸਫਾਈ ਸਹਾਇਕ ਸ੍ਰੀ ਗੁਰੂ ਸਿੰਘ ਸਭਾ ਲਾਹੌਰ - ਭਾਈ ਦਿਤ ਸਿੰਘ ਸਾਹਿਬ ਐਡੀਟਰ ਖਾਲਸਾ ਅਖਬਾਰ ਲਾਹੌਰ ਇਹ ਐਡ੍ਰੈਸ ਭਾਈ ਜੁਵਾਹਰ ਸਿੰਘ ਸਕੇਟਰੀ ਸਭਾ ਨੇ ਪੜ੍ਹਿਆ ਅਤੇ ਭਾਈ ਮੀਹਾਂ ਸਿੰਘ ਸਾਹਿਬ ਪ੍ਰੈਜੀਡੈਂਟ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਨੇ ਸ੍ਰੀ ਲਾਟ ਸਾਹਿਬ ਨੂੰ ਦਿਤਾ ਉਸ ਸਮੇਂ ਇਹ ਬਾਜਿੰਤ੍ਰ ਵਜਨਾ ਹੋ ਰਹੀ ਸੀ -

ਅਗੇਤ੍ਰੇ ਅਖਬਾਰ ਦਾ ਮੋਖ

[illegible]	[illegible]	[illegible]	[illegible]	[illegible]
੩)	੭)	੨੦)	੨੫)	[illegible]
੫)	੧੦)	੨੦)	੩੦)	[illegible]
੮)	੧੫)	੨੪)	੩੦)	[illegible]
੯)	੧੮)	੨੮)	੩੬)	[illegible]